CALIFORNIA DEPARTMENT OF JUSTICE
OFFICE OF THE ATTORNEY GENERAL

# ਉਪਭੋਗਤਾ ਲਈ ਚੇਤਾਵਨੀ

## ਇਮੀਗ੍ਰੇਸ਼ਨ ਧੋਖਾਧੜੀ ਤੋਂ ਆਪਣੀ ਸੁਰੱਖਿਆ ਕਰੋ

ਜੇ ਤੁਹਾਨੂੰ ਇਮੀਗ੍ਰੇਸ਼ਨ ਰਾਹਤ ਲਈ ਅਰਜ਼ੀ ਦੇਣ ਵਿੱਚ ਮਦਦ ਦੀ ਲੋੜ ਹੈ, ਤਾਂ ਧਿਆਨ ਰੱਖੋ ਕਿ ਤੁਸੀਂ ਕਿਸ ਨੂੰ ਨਿਯੁਕਤ ਕਰਦੇ ਹੋ। ਇਮੀਗ੍ਰੇਸ਼ਨ ਸਬੰਧੀ ਧੋਖਾਧੜੀ ਤੋਂ ਸਾਵਧਾਨ ਰਹੋ ਜੋ ਤੁਹਾਡੇ ਹਜ਼ਾਰਾਂ ਡਾਲਰ ਖਰਚ ਕਰਵਾ ਸਕਦੀ ਹੈ ਅਤੇ/ਜਾਂ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਨੂੰ ਨੁਕਸਾਨ ਪਹੁੰਚਾ ਸਕਦੀ ਹੈ! ਇੱਥੇ ਕੁਝ ਸੁਝਾਅ ਅਤੇ ਸਰੋਤ ਦਿੱਤੇ ਗਏ ਹਨ ਜੋ ਮਦਦ ਕਰ ਸਕਦੇ ਹਨ:

### *ਇਹ ਕਰਨਾ ਚਾਹੀਦਾ ਹੈ*

**ਮੁਫ਼ਤ ਕਾਨੂੰਨੀ ਮਦਦ ਲਈ ਕਿਸੇ ਜਾਇਜ਼ ਕਾਨੂੰਨੀ ਸਹਾਇਤਾ ਸੰਗਠਨ ਕੋਲ ਜਾਓ।** ਕਈ ਗੈਰ-ਮੁਨਾਫਾ ਸੰਗਠਨ ਘੱਟ ਆਮਦਨ ਵਾਲੇ ਵਿਅਕਤੀਆਂ ਨੂੰ ਮੁਫ਼ਤ ਇਮੀਗ੍ਰੇਸ਼ਨ ਸਹਾਇਤਾ ਪ੍ਰਦਾਨ ਕਰਦੇ ਹਨ, ਜਿਵੇਂ ਕਿ ਹੇਠਾਂ ਦਿੱਤੇ ਸਰੋਤਾਂ ਰਾਹੀਂ ਲੱਭੇ ਜਾ ਸਕਦੇ ਹਨ। ਆਪਣੇ ਨੇੜੇ ਕਾਨੂੰਨੀ ਸਹਾਇਤਾ ਸੰਗਠਨ ਲੱਭਣ ਲਈ lawhelpca.org 'ਤੇ ਜਾਓ।

**".gov" ਵੈੱਬਸਾਈਟਾਂ ਤੋਂ ਜਾਣਕਾਰੀ ਪ੍ਰਾਪਤ ਕਰੋ।** ਇਹ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਹਨ। ".com", ".net", ਜਾਂ ਹੋਰ ਡੋਮੇਨਾਂ ਨਾਲ ਅੰਤ ਹੋਣ ਵਾਲੀਆਂ ਵੈੱਬਸਾਈਟਾਂ 'ਤੇ ਜਾਣਕਾਰੀ ਭਰੋਸੇਯੋਗ ਨਹੀਂ ਹੋ ਸਕਦੀ।

**ਆਪਣੇ ਅਸਲ ਦਸਤਾਵੇਜ਼ਾਂ ਨੂੰ ਸੁਰੱਖਿਅਤ ਥਾਂ 'ਤੇ ਰੱਖੋ।** ਕਿਸੇ ਨੂੰ ਵੀ ਆਪਣੇ ਅਸਲ ਦਸਤਾਵੇਜ਼ ਨਾ ਦਿਓ ਜਦੋਂ ਤੱਕ ਤੁਸੀਂ ਇਸ ਗੱਲ ਦਾ ਸਬੂਤ ਨਹੀਂ ਦੇਖਦੇ ਕਿ ਸਰਕਾਰ ਨੂੰ ਅਸਲ ਦਸਤਾਵੇਜ਼ ਦੀ ਲੋੜ ਹੈ। ਜੇ ਤੁਸੀਂ ਕਿਸੇ ਨੂੰ ਅਸਲ ਦਸਤਾਵੇਜ਼ ਦਿੰਦੇ ਹੋ, ਤਾਂ ਉਹ ਇਸ ਨੂੰ ਗੁਆ ਸਕਦੇ ਹਨ ਜਾਂ ਤੁਹਾਡੇ ਭੁਗਤਾਨ ਕਰਨ ਤੱਕ ਵਾਪਸ ਕਰਨ ਤੋਂ ਇਨਕਾਰ ਕਰ ਸਕਦੇ ਹਨ।

**ਆਪਣੇ ਇਮੀਗ੍ਰੇਸ਼ਨ ਮਾਮਲੇ ਨਾਲ ਸੰਬੰਧਿਤ ਸਾਰੇ ਦਸਤਾਵੇਜ਼ਾਂ ਦੀਆਂ ਕਾਪੀਆਂ ਰੱਖੋ,** ਜਿਸ ਵਿੱਚ ਦਾਖਲ ਕੀਤੇ ਗਏ ਇਮੀਗ੍ਰੇਸ਼ਨ ਦਸਤਾਵੇਜ਼ਾਂ ਦੀਆਂ ਕਾਪੀਆਂ ਅਤੇ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਬਾਰੇ ਸਰਕਾਰ ਨਾਲ ਪੱਤਰ-ਵਿਹਾਰ ਸ਼ਾਮਲ ਹਨ।

**ਇਸ ਗੱਲ ਦੀ ਪੁਸ਼ਟੀ ਕਰੋ ਕਿ ਤੁਹਾਡੇ ਕੇਸ ਵਿੱਚ ਮਦਦ ਕਰਨ ਵਾਲਾ ਕੋਈ ਵੀ ਵਿਅਕਤੀ ਲਾਇਸੰਸਸ਼ੁਦਾ ਜਾਂ ਮਾਨਤਾ ਪ੍ਰਾਪਤ ਹੈ।** ਸਿਰਫ਼ ਵਕੀਲ, ਮਾਨਤਾ ਪ੍ਰਾਪਤ ਨੁਮਾਇੰਦੇ, ਅਤੇ ਮਾਨਤਾ ਪ੍ਰਾਪਤ ਸੰਗਠਨ ਹੀ ਤੁਹਾਨੂੰ ਕਾਨੂੰਨੀ ਸਲਾਹ ਦੇ ਸਕਦੇ ਹਨ ਜਾਂ ਇਮੀਗ੍ਰੇਸ਼ਨ ਅਦਾਲਤ ਵਿੱਚ ਤੁਹਾਡੀ ਨੁਮਾਇੰਦਗੀ ਕਰ ਸਕਦੇ ਹਨ। ਕੁਝ ਇਮੀਗ੍ਰੇਸ਼ਨ ਸਲਾਹਕਾਰ ਧੋਖੇ ਨਾਲ ਆਪਣੇ ਆਪ ਨੂੰ ਇਮੀਗ੍ਰੇਸ਼ਨ ਵਕੀਲ ਕਹਿ ਸਕਦੇ ਹਨ। ਜੇ ਕੋਈ ਦਾਅਵਾ ਕਰਦਾ ਹੈ ਕਿ ਉਹ ਕੈਲੀਫੋਰਨੀਆ ਜਾਂ ਕਿਸੇ ਹੋਰ ਰਾਜ ਵਿੱਚ ਲਾਇਸੰਸਸ਼ੁਦਾ ਹੈ ਅਤੇ ਇਸ ਲਈ ਇਮੀਗ੍ਰੇਸ਼ਨ ਕਾਨੂੰਨ ਦਾ ਅਭਿਆਸ ਕਰ ਸਕਦਾ ਹੈ, ਤਾਂ ਪੁਸ਼ਟੀ ਕਰੋ ਕਿ ਉਹ ਉਸ ਉਚੇਚੇ ਰਾਜ ਵਿੱਚ ਲਾਇਸੰਸਸ਼ੁਦਾ ਹੈ ਅਤੇ ਚੰਗੀ ਸਥਿਤੀ ਵਿੱਚ ਹੈ, www.americanbar.org/groups/legal_services/flh-home/flh-lawyer-licensing/ 'ਤੇ ਜਾਓ। ਜੇ ਕੋਈ ਦਾਅਵਾ ਕਰਦਾ ਹੈ ਕਿ ਉਹ ਮਾਨਤਾ ਪ੍ਰਾਪਤ ਨੁਮਾਇੰਦਾ ਜਾਂ ਮਾਨਤਾ ਪ੍ਰਾਪਤ ਸੰਗਠਨ ਹੈ, ਤਾਂ ਉਸ ਜਾਣਕਾਰੀ ਦੀ ਪੁਸ਼ਟੀ ਕਰਨ ਲਈ justice.gov/eoir/recognition-accreditation-roster-reports 'ਤੇ ਜਾਓ।

### *ਇਹ ਨਹੀਂ ਕਰਨਾ ਚਾਹੀਦਾ*

**ਕਿਸੇ ਇਮੀਗ੍ਰੇਸ਼ਨ ਸਲਾਹਕਾਰ ਜਾਂ ਨੋਟਰੀ ਨੂੰ ਨਿਯੁਕਤ ਨਾ ਕਰੋ।** ਸਿਰਫ਼ ਵਕੀਲ, ਮਾਨਤਾ ਪ੍ਰਾਪਤ ਨੁਮਾਇੰਦੇ, ਅਤੇ ਮਾਨਤਾ ਪ੍ਰਾਪਤ ਸੰਗਠਨ ਹੀ ਤੁਹਾਨੂੰ ਕਾਨੂੰਨੀ ਸਲਾਹ ਦੇ ਸਕਦੇ ਹਨ ਜਾਂ ਇਮੀਗ੍ਰੇਸ਼ਨ ਅਦਾਲਤ ਵਿੱਚ ਤੁਹਾਡੀ ਨੁਮਾਇੰਦਗੀ ਕਰ ਸਕਦੇ ਹਨ। ਇਮੀਗ੍ਰੇਸ਼ਨ ਸਲਾਹਕਾਰ - ਜੋ ਆਪਣੇ ਆਪ ਨੂੰ ਇਮੀਗ੍ਰੇਸ਼ਨ ਮਾਹਿਰ, ਨੋਟਾਰੀ, ਜਨਤਕ ਨੋਟਰੀ, ਜਾਂ ਕਾਨੂੰਨੀ ਸਹਾਇਕ ਕਹਿੰਦੇ ਹਨ - ਅਜਿਹਾ ਨਹੀਂ ਕਰ ਸਕਦੇ। ਉਹ ਕਾਨੂੰਨੀ ਸਲਾਹ ਜਾਂ ਇਮੀਗ੍ਰੇਸ਼ਨ ਫਾਰਮਾਂ ਨਾਲ ਦਿਸ਼ਾ-ਨਿਰਦੇਸ਼ ਨਹੀਂ ਦੇ ਸਕਦੇ, ਫਾਰਮ ਭਰਨ ਵਿੱਚ ਤੁਹਾਡੀ ਮਦਦ ਨਹੀਂ ਕਰ ਸਕਦੇ, ਜਾਂ ਵੱਖ-ਵੱਖ ਕਿਸਮਾਂ ਦੀ ਇਮੀਗ੍ਰੇਸ਼ਨ ਰਾਹਤ ਲਈ ਤੁਹਾਡੀ ਯੋਗਤਾ ਦਾ ਮੁਲਾਂਕਣ ਨਹੀਂ ਕਰ ਸਕਦੇ। ਉਹ ਤੁਹਾਡੀ ਤਰਫੋਂ ਸਰਕਾਰ ਨਾਲ ਗੱਲ ਵੀ ਨਹੀਂ ਕਰ ਸਕਦੇ। ਉਹ ਸਿਰਫ਼ ਗੈਰ-ਕਾਨੂੰਨੀ, ਦਫ਼ਤਰੀ ਕੰਮ ਕਰ ਸਕਦੇ ਹਨ, ਜਿਵੇਂ ਕਿ ਫਾਰਮਾਂ 'ਤੇ ਜਾਣਕਾਰੀ ਦਾ ਅਨੁਵਾਦ ਕਰਨਾ।

**ਝੂਠੇ ਵਾਅਦਿਆਂ ਤੋਂ ਪ੍ਰਭਾਵਿਤ ਨਾ ਹੋਵੋ ਜਾਂ ਇਮੀਗ੍ਰੇਸ਼ਨ ਸੇਵਾਵਾਂ ਲਈ ਭੁਗਤਾਨ ਕਰਨ ਲਈ ਦਬਾਅ ਵਿੱਚ ਨਾ ਆਓ।** ਕਿਸੇ 'ਤੇ ਵੀ ਭਰੋਸਾ ਨਾ ਕਰੋ ਜੋ ਦਾਅਵਾ ਕਰਦਾ ਹੈ ਕਿ ਉਹ ਸਰਕਾਰ ਤੋਂ ਖਾਸ ਮਿਹਰਬਾਨੀਆਂ ਪ੍ਰਾਪਤ ਕਰ ਸਕਦਾ ਹੈ ਜਾਂ ਤੁਹਾਨੂੰ ਵਰਕ ਪਰਮਿਟ ਜਾਂ ਕੋਈ ਹੋਰ ਇਮੀਗ੍ਰੇਸ਼ਨ ਲਾਭ ਦੀ ਗਰੰਟੀ ਦਿੰਦਾ ਹੈ। ਕਿਸੇ 'ਤੇ ਵੀ ਭਰੋਸਾ ਨਾ ਕਰੋ ਜੋ ਚਾਹੁੰਦਾ ਹੈ ਕਿ ਤੁਸੀਂ ਤੁਰੰਤ ਕਾਰਵਾਈ ਕਰੋ।

**ਜਦੋਂ ਤੱਕ ਤੁਸੀਂ ਇਹ ਨਹੀਂ ਸਮਝਦੇ ਕਿ ਇਸ ਵਿੱਚ ਕੀ ਲਿਖੀਆ ਹੈ, ਕਦੇ ਵੀ ਕਿਸੇ ਚੀਜ਼ 'ਤੇ ਦਸਤਖਤ ਨਾ ਕਰੋ।** ਕਿਸੇ ਵੀ ਅਜਿਹੀ ਚੀਜ਼ ਲਈ ਸਹਿਮਤ ਨਾ ਹੋਵੋ ਜੋ ਲਿਖਤੀ ਰੂਪ ਵਿੱਚ ਅਤੇ ਉਸ ਭਾਸ਼ਾ ਵਿੱਚ ਨਹੀਂ ਹੈ ਜਿਸ ਨੂੰ ਤੁਸੀਂ ਸਮਝਦੇ ਹੋ। ਜੇ ਤੁਸੀਂ ਉਸ ਭਾਸ਼ਾ ਵਿੱਚ ਨਿਪੁੰਨ ਨਹੀਂ ਹੋ ਜਿਸ ਭਾਸ਼ਾ ਵਿੱਚ ਇਕਰਾਰਨਾਮਾ ਲਿਖੀਆਂ ਹੈ, ਤਾਂ ਇਸਦਾ ਅਨੁਵਾਦ ਕਰਨ ਲਈ ਕਹੋ। ਤੁਹਾਨੂੰ ਇੱਕ ਇਕਰਾਰਨਾਮੇ ਦਾ ਹੱਕ ਹੈ ਜੋ ਉਨ੍ਹਾਂ ਸਾਰੀਆਂ ਸੇਵਾਵਾਂ ਦੀ ਸੂਚੀ ਦਿੰਦਾ ਹੈ ਜੋ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਹਰੇਕ ਸੇਵਾ ਦੀ ਕੀਮਤ ਕਿੰਨੀ ਹੈ। ਇਕਰਾਰਨਾਮੇ ਦੀ ਇੱਕ ਕਾਪੀ ਅਤੇ ਆਪਣੇ ਸਾਰੇ ਭੁਗਤਾਨਾਂ ਦੀਆਂ ਰਸੀਦਾਂ ਰੱਖੋ।

**ਇਮੀਗ੍ਰੇਸ਼ਨ ਫਾਰਮਾਂ ਲਈ ਭੁਗਤਾਨ ਨਾ ਕਰੋ।** ਇਹ ਫਾਰਮ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਦੀ ਵੈੱਬਸਾਈਟ uscis.gov/forms 'ਤੇ ਜਾ ਕੇ ਜਾਂ (800) 870-3676 'ਤੇ ਕਾਲ ਕਰਕੇ ਮੁਫ਼ਤ ਪ੍ਰਾਪਤ ਕੀਤੇ ਜਾ ਸਕਦੇ ਹਨ।

**ਕਿਸੇ ਇਮੀਗ੍ਰੇਸ਼ਨ ਫਾਰਮ 'ਤੇ ਦਸਤਖਤ ਨਾ ਕਰੋ ਜਿਸ ਵਿੱਚ ਗਲਤ ਜਾਣਕਾਰੀ ਜਾਂ ਖਾਲੀ ਥਾਵਾਂ ਹਨ।** ਕਿਸੇ ਵੀ ਇਮੀਗ੍ਰੇਸ਼ਨ ਫਾਰਮ 'ਤੇ ਦਸਤਖਤ ਕਰਨ ਤੋਂ ਪਹਿਲਾਂ, ਯਕੀਨੀ ਬਣਾਓ ਕਿ ਫਾਰਮ ਪੂਰੀ ਤਰ੍ਹਾਂ ਅਤੇ ਸਹੀ ਢੰਗ ਨਾਲ ਭਰੇ ਗਏ ਹਨ। ਕਿਸੇ ਨੂੰ ਵੀ ਤੁਹਾਨੂੰ ਫਾਰਮ 'ਤੇ ਝੂਠ ਬੋਲਣ ਜਾਂ ਖਾਲੀ ਫਾਰਮ 'ਤੇ ਦਸਤਖਤ ਕਰਨ ਲਈ ਮਨਾਉਣ ਨਾ ਦਿਓ। ਜਦੋਂ ਤੱਕ ਤੁਸੀਂ ਨਹੀਂ ਸਮਝਦੇ ਕਿ ਇਸ ਵਿੱਚ ਕੀ ਲਿਖੀਆ ਹੈ, ਕਦੇ ਵੀ ਕਿਸੇ ਚੀਜ਼ 'ਤੇ ਦਸਤਖਤ ਨਾ ਕਰੋ।

**ਕਿਸੇ ਵੀ ਅਜਿਹੇ ਵਿਅਕਤੀ ਨੂੰ ਪੈਸੇ ਜਾਂ ਨਿੱਜੀ ਜਾਣਕਾਰੀ ਨਾ ਦਿਓ ਜੋ ਤੁਹਾਨੂੰ ਕਾਲ, ਟੈਕਸਟ, ਜਾਂ ਈਮੇਲ ਕਰਕੇ ਦਾਅਵਾ ਕਰਦਾ ਹੈ ਕਿ ਤੁਹਾਡੇ ਇਮੀਗ੍ਰੇਸ਼ਨ ਮਾਮਲੇ ਵਿੱਚ ਕੋਈ ਸਮੱਸਿਆ ਹੈ।** ਕੋਈ ਵੀ ਫੈਡਰਲ ਜਾਂ ਰਾਜ ਏਜੰਸੀ, USCIS ਸਮੇਤ, ਕਦੇ ਵੀ ਫ਼ੋਨ, ਈਮੇਲ, ਜਾਂ ਟੈਕਸਟ ਰਾਹੀਂ ਤੁਹਾਡੀ ਨਿੱਜੀ ਜਾਣਕਾਰੀ ਜਾਂ ਭੁਗਤਾਨ ਨਹੀਂ ਮੰਗੇਗੀ।

## ਸਰੋਤ

ਜੇ ਤੁਸੀਂ ਇਮੀਗ੍ਰੇਸ਼ਨ ਧੋਖਾਧੜੀ ਦੇ ਸ਼ਿਕਾਰ ਹੋ:

- ਆਪਣੇ ਸਥਾਨਕ ਜ਼ਿਲ੍ਹਾ ਅਟਾਰਨੀ ਜਾਂ ਕਾਉਂਟੀ ਦੇ ਉਪਭੋਗਤਾ ਮਾਮਲਿਆਂ ਦੇ ਵਿਭਾਗ ਨਾਲ ਸੰਪਰਕ ਕਰੋ।
- ਫੈਡਰਲ ਟ੍ਰੇਡ ਕਮਿਸ਼ਨ ਨੂੰ https://reportfraud.ftc.gov/ 'ਤੇ ਧੋਖਾਧੜੀ ਦੀ ਰਿਪੋਰਟ ਕਰੋ।
- ਅਮਰੀਕੀ ਨਿਆਂ ਵਿਭਾਗ ਦਾ ਧੋਖਾਧੜੀ ਦੁਰਵਿਹਾਰ ਰੋਕਥਾਮ ਪ੍ਰੋਗਰਾਮ ਨਾਲ ਉਨ੍ਹਾਂ ਦੀ ਈਮੇਲ EOIR.Fraud.Program@usdoj.gov ਜਾਂ ਫ਼ੋਨ ਨੰਬਰ (703) 305-0470 'ਤੇ ਸੰਪਰਕ ਕਰੋ।
- ਕੈਲੀਫੋਰਨੀਆ ਨਿਆਂ ਵਿਭਾਗ (California Department of Justice) ਨੂੰ oag.ca.gov/report 'ਤੇ ਰਿਪੋਰਟ ਕਰੋ।
- https://www.lawhelpca.org/ 'ਤੇ ਕਿਸੇ ਜਾਇਜ਼ ਕਾਨੂੰਨੀ ਸਹਾਇਤਾ ਸੰਗਠਨ ਤੋਂ ਮਦਦ ਲਓ।

ਇਮੀਗ੍ਰੇਸ਼ਨ ਧੋਖਾਧੜੀ ਬਾਰੇ ਹੋਰ ਜਾਣੋ:

- uscis.gov/avoid-scams 'ਤੇ ਇਮੀਗ੍ਰੇਸ਼ਨ ਧੋਖਾਧੜੀ ਤੋਂ ਬਚਣ ਵਿੱਚ ਤੁਹਾਡੀ ਮਦਦ ਕਰਨ ਲਈ ਟੂਲਾਂ ਬਾਰੇ ਜਾਣੋ।

ਮੁਫ਼ਤ ਇਮੀਗ੍ਰੇਸ਼ਨ ਸਹਾਇਤਾ ਪ੍ਰਾਪਤ ਕਰੋ:

- ਅਮਰੀਕੀ ਨਿਆਂ ਵਿਭਾਗ: justice.gov/eoir/list-pro-bono-legal-service-providers (ਕਾਨੂੰਨੀ ਸੇਵਾ ਪ੍ਰਦਾਤਾ) ਜਾਂ justice.gov/eoir/recognized-organizations-and-accredited-representatives-ros-ter-state-and-city (ਮਾਨਤਾ ਪ੍ਰਾਪਤ ਨੁਮਾਇੰਦੇ)
- ਲਾਅ ਹੈਲਪ CA: lawhelpca.org
- ਇਮੀਗ੍ਰੇਸ਼ਨ ਲਾਅ ਹੈਲਪ: immigrationlawhelp.org
- ਕੈਲੀਫੋਰਨੀਆ ਸਮਾਜਿਕ ਸੇਵਾਵਾਂ ਵਿਭਾਗ (California Department of Social Service): cdss.ca.gov/inforesources/immigration/contractor-contact-information